## ਪੰਜਾਬ ਸਕੂਲ ਸਿੱਖਿਆ ਬੋਰਡ

## (ਐਸੋਸੀਏਟਿਡ ਸ਼ਾਖਾ)

ਵੱਲ:

ਪ੍ਰਿੰਸੀਪਲ, ਮੁੱਖ ਅਧਿਆਪਕ/ਅਧਿਆਪਕਾ,
ਸਮੂਹ ਐਸੋਸੀਏਟਿਡ ਸਕੂਲਜ਼, ਪੰਜਾਬ।

ਨੰ: (400892)ਪਸਸਬ/ ਐਸੋ:/2026/ 2471 ਮਿਤੀ:07-07-2026

**ਵਿਸ਼ਾ:- ਐਸੋਸੀਏਟ ਤੋਂ ਐਫੀਲੀਏਟਿਡ ਪੋਰਟਲ ਤੇ ਅਪਲਾਈ ਕਰਨ ਸਬੰਧੀ।**

ਐਸੋਸੀਏਟ ਤੋਂ ਐਫੀਲੀਏਟਿਡ ਪੋਰਟਲ 'ਤੇ ਸੰਸਥਾਵਾਂ ਵੱਲੋਂ ਸੈਸ਼ਨ 2026-27 ਅਤੇ 2027-28 ਲਈ ਐਫੀਲੀਏਸ਼ਨ ਵਾਸਤੇ ਅਪਲਾਈ ਕਰਨ ਸਬੰਧੀ ਸ਼ਡਿਊਲ ਹੇਠ ਲਿਖੇ ਅਨੁਸਾਰ ਹਨ:-

| ਸ਼੍ਰੇਣੀ | ਸੈਸ਼ਨ | ਫੀਸ | ਅਪਲਾਈ ਕਰਨ ਦੀ ਆਖਰੀ ਮਿਤੀ |
|---|---|---|---|
| ਦਸਵੀਂ | 2026-27 | 1,50,000 + 27000 (18% GST)ਕੁੱਲ 1,77,000/- ਰੁਪਏ | 15.08.2026 |
| ਬਾਰ੍ਹਵੀਂ | 2026-27 | 1,50,000 + 27000 (18% GST)ਕੁੱਲ 1,77,000/- ਰੁਪਏ | 15.08.2026 |
| ਦਸਵੀਂ | 2027-28 | 1,50,000 + 27000 (18% GST)ਕੁੱਲ 1,77,000/- ਰੁਪਏ | 30.09.2026 |
| ਬਾਰ੍ਹਵੀਂ | 2027-28 | 1,50,000 + 27000 (18% GST) ਕੁੱਲ 1,77,000/- ਰੁਪਏ | 30.09.2026 |

ਜਿਹੜੀਆਂ ਸੰਸਥਾਵਾਂ ਐਸੋਸੀਏਟ ਤੋਂ ਐਫੀਲੀਏਟਿਡ ਪੋਰਟਲ ਤੇ ਵਾਧੂ ਗਰੁੱਪ ਲਈ ਅਪਲਾਈ ਕਰਨ ਦੀ ਫੀਸ-50,000/-+(18% GST ਪ੍ਰਤੀ ਗਰੁੱਪ) ਕੁੱਲ ਫੀਸ 59,000/- ਰੁਪਏ ਹੈ। ਉਨਾਂ ਸੰਸਥਾਵਾਂ ਵੱਲੋਂ ਸੈਸ਼ਨ 2026-27 ਅਤੇ 2027-28 ਲਈ ਹੇਠ ਦਰਜ਼ ਲਿੰਕ ਅਨੁਸਾਰ ਅਪਲਾਈ ਕਰ ਸਕਦੀਆਂ ਹਨ:-

https://registration2026.pseb.ac.in/eAffiliation/

07/07/2026

ਸਹਾਇਕ ਸਕੱਤਰ (ਐਸੋ:)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਪੰਜਾਬ ਸਕੂਲ ਸਿੱਖਿਆ ਬੋਰਡ

(ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ,

ਪੰਜਾਬ ਰਾਜ ਦੇ ਸਮੂਹ ਐਸੋਸੀਏਟ ਸਕੂਲਜ਼,

ਨੰਬਰ: ਪਸਸਬ-ਐਫੀ:(ਐਸੋ):2020/..43..... ਮਿਤੀ:..12..06..2020

ਵਿਸ਼ਾ:- ਐਸੋਸੀਏਟ ਸਕੂਲਾਂ ਦੇ ਅਕਾਦਮਿਕ ਸਾਲ 2020-2021 ਦੇ ਵਾਧੇ ਸਬੰਧੀ।

*********

ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਬੋਰਡ ਨਾਲ ਸਬੰਧਤ ਐਸੋਸੀਏਟਿਡ ਸਕੂਲਾਂ ਲਈ ਅਕਾਦਮਿਕ ਸਾਲ 2020-21 ਲਈ ਨਵੇਂ ਨਾਰਮਸ(New Norms) ਸਹਿਤ ਮਿਤੀ: 31-03-2021 ਤੱਕ ਵਾਧੇ ਦੀ ਪ੍ਰਵਾਨਗੀ ਦਿੱਤੀ ਗਈ ਹੈ। ਐਸੋਸੀਏਟਿਡ ਸੰਸਥਾਵਾਂ ਲਈ ਸਰਕਾਰ ਵੱਲੋਂ ਹੇਠ ਦਰਸਾਏ ਅਨੁਸਾਰ ਨਾਰਮਸ ਨਿਰਧਾਰਿਤ ਕੀਤੇ ਗਏ ਹਨ:-

1. ਮੈਟ੍ਰਿਕ ਸ਼੍ਰੇਣੀ ਤੱਕ 500 ਵਰਗ ਗਜ਼ ਜਾਂ 1.19 ਵਰਗ ਗਜ਼ ਕਾਰਪੇਟ ਖੇਤਰ ਪ੍ਰਤੀ ਵਿਦਿਆਰਥੀ ਜੋ ਵੀ ਵੱਧ ਹੋਵੇ ਅਤੇ ਸੀਨੀਅਰ ਸੈਕੰਡਰੀ ਤੱਕ 750 ਵਰਗ ਗਜ਼ ਜਾਂ 1.19 ਵਰਗ ਗਜ਼ ਕਾਰਪੇਟ ਖੇਤਰ ਪ੍ਰਤੀ ਵਿਦਿਆਰਥੀ ਜੋ ਵੀ ਵੱਧ ਹੋਵੇ। ਸੰਸਥਾ ਵੱਲੋਂ ਚੀਫ ਟਾਊਨ ਪਲਾਨਰ / ਸਮੱਰਥ ਅਥਾਰਟੀ ਵੱਲੋਂ ਜਾਰੀ ਪ੍ਰਵਾਨਿਤ ਨਕਸ਼ਾ ਅਤੇ C.L.U ਜਮ੍ਹਾ ਕਰਵਾਏ ਜਾਣਗੇਂ।
2. ਕਮਰਿਆਂ ਦਾ ਸਾਈਜ਼ (20' × 15')

   ਪਹਿਲੀ ਤੋਂ ਦਸਵੀਂ ਸ਼੍ਰੇਣੀ ਲਈ 10 ਕਮਰੇ

   ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਲਈ 14 ਕਮਰੇ ਪ੍ਰਤੀ ਗਰੁੱਪ

   ਪਲੱਸ 2 rooms extra in case of vocational affiliation (one for each class i.e XI & XII)
3. ਲੈਬੋਟਰੀ ਦਾ ਸਾਈਜ 20' × 15' ਹੋਵੇਗਾ ਅਤੇ ਹਰ ਵੋਕੇਸ਼ਨਲ ਟਰੇਡ ਲਈ ਇਕ ਵਰਕਸ਼ਾਪ ਜਿਸ ਦਾ ਸਾਈਜ 33'X33'(10m x 10m) ਹੋਣਾ ਜਰੂਰੀ ਹੈ।
4. ਸਕੂਲ ਵਿੱਚ 20' × 15' ਸਾਈਜ ਦੀ ਇਕ ਕੰਪਿਊਟਰ ਲੈਬ ਹੋਣੀ ਚਾਹੀਦੀ ਹੈ ਜਿਸ ਵਿੱਚ ਇਕ ਸੈਕਸ਼ਨ ਲਈ ਘੱਟੋਂ ਘੱਟ 10 ਕੰਪਿਊਟਰ ਹੋਣੇ ਚਾਹੀਦੇ ਹਨ ਅਤੇ ਵਿਦਿਆਰਥੀਆਂ ਦੀ ਗਿਣਤੀ 500 ਤੱਕ ਹੋਵੇ।
5. ਫੀਸਾਂ ਸਬੰਧੀ The Punjab Regulation of fee of Educational Institutional Act, 2016 ਲਾਗੂ ਹੋਵੇਗਾ ।
6. ਸਿਲੇਬਸ ਪਾਠ-ਪੁਸਤਕਾਂ ਅਤੇ ਕੋਰਸਿਜ਼ ਬੋਰਡ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਹੋਣਗੇ।
7. ਲਾਇਬ੍ਰੇਰੀ ਲਈ ਪੁਸਤਕਾਂ ਦੀ ਗਿਣਤੀ

   i). ਦਸਵੀਂ ਸ਼੍ਰੇਣੀ ਤੱਕ ਘੱਟੋਂ ਘੱਟ 500 ਪੁਸਤਕਾਂ

   ii). ਸੀਨੀਅਰ ਸੈਕੰਡਰੀ ਸ਼੍ਰੇਣੀ ਤੱਕ (ਪਹਿਲਾ ਗਰੁੱਪ) ਘੱਟੋਂ ਘੱਟ 750 ਪੁਸਤਕਾਂ ਅਤੇ ਸੀਨੀਅਰ ਸੈਕੰਡਰੀ ਦੇ ਹਰ ਵਾਧੂ ਗਰੁੱਪ ਲਈ ਘੱਟੋ ਘੱਟ 100 ਹੋਰ ਪੁਸਤਕਾਂ ਲਾਜ਼ਮੀ ਹਨ।

8. ਜੇਕਰ ਸਕੂਲ ਕੋਲ ਆਪਣਾ ਖੇਡ ਦਾ ਮੈਦਾਨ ਨਹੀਂ ਹੈ ਤਾਂ ਖੇਡ ਦੇ ਮੈਦਾਨ ਲਈ Local bodies ਨਾਲ ਕੋਈ arrangement ਹੋਣਾ ਚਾਹੀਦਾ ਹੈ (ਸਬੂਤ ਵਜੋਂ ਦਸਤਾਵੇਜ਼ ਨੱਥੀ ਕੀਤੇ ਜਾਣ)।

9. ਟੀਚਿੰਗ ਅਮਲੇ ਨੂੰ ਰਾਜ ਸਰਕਾਰ ਵੱਲੋਂ ਰੈਗੂਲਰ ਕਰਮਚਾਰੀਆਂ ਲਈ ਲਾਗੂ ਪੇਅ-ਬੈਂਡ ਅਤੇ ਗ੍ਰੇਡ ਪੇਅ ਵਿੱਚ ਘੱਟੋਂ ਘੱਟ ਸਕੇਲ ਦੀ ਨਿਰੰਤਰ ਅਦਾਇਗੀ ਕੀਤੀ ਜਾਵੇਗੀ। ਤਨਖਾਹ ਦੀ ਅਦਾਇਗੀ ਬੈਂਕ ਖਾਤੇ ਰਾਹੀਂ ਕੀਤੀ ਜਾਵੇਗੀ। ਪ੍ਰੋਵੀਡੈਂਟ ਫੰਡ ਅਤੇ ਈ.ਐਸ.ਆਈ ਦੀਆਂ ਕਟੌਤੀਆਂ ਸਬੰਧਤ ਐਕਟ ਅਤੇ ਕਾਨੂੰਨ ਅਨੁਸਾਰ ਕੀਤੀਆਂ ਜਾਣਗੀਆਂ।

10. ਟੀਚਿੰਗ ਅਮਲੇ ਦੀਆਂ ਵਿੱਦਿਅਕ ਯੋਗਤਾਵਾਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਮੇਂ ਸਮੇਂ ਤੇ ਨਿਰਧਾਰਤ ਕੀਤੇ ਅਨੁਸਾਰ ਹੋਣਗੀਆਂ। ਲੇਕਿਨ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਮੁੱਖੀ ਦੇ ਕਾਰਜਕਾਲ ਵਿੱਚ 2 ਸਾਲ ਜਾਂ 62 ਸਾਲ ਦੀ ਉਮਰ ਤੱਕ, ਜੋ ਵੀ ਪਹਿਲਾ ਹੋਵੇ, ਦਾ ਵਾਧਾ ਕੀਤਾ ਜਾ ਸਕਦਾ ਹੈ ਜਾਂ ਸੇਵਾ ਨਿਵਿਰਤੀ ਭਾਵ 58 ਸਾਲ ਦੀ ਉਮਰ ਉਪਰੰਤ ਨਵੇਂ ਮੁੱਖੀ ਦੀ ਨਿਯੁਕਤੀ ਕੰਟਰੈਕਟ ਅਧਾਰ ਤੇ ਕੀਤੀ ਜਾ ਸਕਦੀ ਹੈ।

ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਜਿਹੜੀਆਂ ਸੰਸਥਾਵਾਂ ਉਪਰੋਕਤ ਦਰਜ ਨਾਰਮਸ ਮਿਤੀ: 31-12-2020 ਤੱਕ ਪੂਰੇ ਕਰਨ ਸਬੰਧੀ ਕੰਨਟੀਨਿਊਸਨ ਪ੍ਰੋਫਾਰਮਾ ਭਰਨ ਸਮੇਂ ਨਾਲ ਨੱਥੀ (ਅਨੁਲੱਗ 'ੳ') ਅਨੁਸਾਰ ਅੰਡਰਟੇਕਿੰਗ ਦੇਣਗੀਆਂ ਕੇਵਲ ਉਹਨਾਂ ਸੰਸਥਾਵਾਂ ਨੂੰ ਹੀ ਮਿਤੀ: 31-03-2021 ਤੱਕ ਐਸੋਸੀਏਟ ਸਕੂਲ ਚਲਾਉਣ ਦੀ ਆਗਿਆ ਹੋਵੇਗੀ।

ਜਿਹੜੇ ਸਕੂਲ ਉਕਤ ਦਰਜ ਨਾਰਮਜ਼ ਨੂੰ ਪੂਰਾ ਨਹੀਂ ਕਰਦੇ:-

i). ਉਹ ਸਕੂਲ ਮਿਤੀ: 31-03-2021 ਤੋਂ ਬੰਦ ਹੋ ਜਾਣਗੇ।

ਜਾਂ

ii). ਉਹ ਸਕੂਲ ਸਮਰੱਥ ਅਥਾਰਿਟੀ (ਸਿੱਖਿਆ ਵਿਭਾਗ/ਬੋਰਡ) ਦੀ ਪ੍ਰਵਾਨਗੀ ਨਾਲ ਕੇਵਲ ਪ੍ਰੀ-ਪ੍ਰਾਇਮਰੀ ਜਮਾਤਾਂ (3 ਤੋਂ 6 ਸਾਲ) ਪਹਿਲੀ ਅਤੇ ਦੂਜੀ ਸ਼੍ਰੇਣੀ ਤੱਕ ਸਕੂਲ ਚਲਾ ਸਕਣਗੇ।

ਇਸ ਮੰਤਵ ਲਈ ਸਕੂਲਾਂ ਵੱਲੋਂ ਭਰਿਆ ਜਾਣ ਵਾਲਾ ਕੰਨਟੀਨਿਊਸ਼ਨ ਪ੍ਰੋਫਾਰਮਾ ਬੋਰਡ ਦੀ ਵੈਬ ਸਾਈਟ www.pseb.ac.in ਤੇ ਉਪਲੱਬਧ ਹੈ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ।

ਅੰਡਰਟੇਕਿੰਗ (ਅਨੁਲੱਗ 'ੳ')

ਮੈਂ /ਅਸੀਂ........................................................ ਅਹੁੱਦਾ..................................

ਸਕੂਲ ਦਾ ਨਾਂ.........................................................................................

ਪਤਾ:......................................................................................................

ਫੋਨ ਨੰ:..........................................ਹੇਠ ਲਿਖੇ ਅਨੁਸਾਰ ਅੰਡਰਟੇਕਿੰਗ ਦਿੰਦਾ /ਦਿੰਦੀ/ਦਿੰਦੇ ਹਾਂ ਕਿ :-

1. ਮੈਂ /ਅਸੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਸੋਸੀਏਟ ਸਕੂਲਾਂ ਦੇ ਅਕਾਦਮਿਕ ਸਾਲ 2020-21 ਦੇ ਵਾਧੇ ਸਬੰਧੀ ਜਾਰੀ ਪੱਤਰ ਨੰ:ਪਸਸਬ-ਐਫੀ:(ਐਸੋ:)/2020/ .......43.......... ਮਿਤੀ 12-06-2020 ਵਿੱਚ ਸਰਕਾਰ ਵੱਲੋਂ ਐਸੋਸੀਏਟ ਸੰਸਥਾਵਾਂ ਲਈ ਐਫੀਲੀਏਸ਼ਨ ਲੈਣ ਹਿੱਤ ਨਿਰਧਾਰਤ ਨਾਰਮਜ਼ ਚੰਗੀ ਤਰ੍ਹਾਂ ਪੜ੍ਹ ਲਏ ਹਨ।

2. ਮੈਂ/ਅਸੀਂ ...................................................................... ਸਰਕਾਰ ਵੱਲੋਂ ਨਿਰਧਾਰਤ ਸਾਰੇ ਨਾਰਮਜ਼ ਮਿਤੀ:31-03-2020 ਤੱਕ ਪੂਰੇ ਕਰਨ ਲਈ ਪਾਬੰਧ ਹੋਵਾਗੇਂ। ਜੇਕਰ ਅਸੀਂ ਸਰਕਾਰ ਵੱਲੋਂ ਨਿਰਧਾਰਤ ਨਵੇਂ ਨਾਰਮਜ਼ ਨੂੰ ਮਿਤੀ: 31-12-2020 ਤੱਕ ਪੂਰਾ ਨਹੀਂ ਕਰਦੇ ਤਾਂ ਅਸੀਂ ਮਿਤੀ: 31-03-2021 ਨੂੰ ਆਪਣਾ ਸਕੂਲ ਬੰਦ ਕਰ ਦੇਵਾਂਗੇ ਜਾਂ ਕੇਵਲ ਪ੍ਰੀ-ਪ੍ਰਾਇਮਰੀ ਜਮਾਤਾਂ (3 ਤੋਂ 6 ਸਾਲ) ਅਤੇ ਪਹਿਲੀ ਅਤੇ ਦੂਜੀ ਸ਼੍ਰੇਣੀ ਲਈ ਸਕੂਲ ਚਲਾਵਾਂਗੇ। ਇਸ ਤੋਂ ਇਲਾਵਾ ਜੇਕਰ ਸਰਕਾਰ/ਬੋਰਡ ਵੱਲੋਂ ਕੋਈ ਹੋਰ ਫੈਸਲਾ ਹੋਵੇਗਾ ਤਾਂ ਉਸ ਨੂੰ ਮੰਨਣ ਲਈ ਪਾਬੰਦ ਹੋਵਾਂਗੇ।

ਸਕੂਲ ਮੁੱਖੀ ਦੇ ਹਸਤਾਖਰ
ਪਤਾ/ਫੋਨ ਨੰ:

ਪ੍ਰਬੰਧਕ ਕਮੇਟੀ ਪ੍ਰਧਾਨ ਦੇ ਹਸਤਾਖਰ
ਪਤਾ/ਫੋਨ ਨੰ:

## ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ,

ਪ੍ਰਿੰਸੀਪਲ/ਮੁੱਖ ਅਧਿਆਪਕ,
ਪੰਜਾਬ ਰਾਜ ਦੇ ਸਮੂਹ ਐਸੋਸੀਏਟਿਡ ਸਕੂਲਜ਼।
ਪੰਜਾਬ

ਨੰਬਰ: ਪਸਸਬ-ਐਫੀ: (ਐਸੋ:):2026....794..... ਮਿਤੀ: 22/5/26.......

**ਵਿਸ਼ਾ: ਐਸੋਸੀਏਟਿਡ ਸਕੂਲਾਂ ਸਬੰਧੀ।**

ਦਫ਼ਤਰ ਵੱਲੋਂ ਜਾਰੀ ਪੱਤਰ ਨੰਬਰ ਪਸਸਬ-ਐਫੀ: (ਐਸੋ:):2020/43 ਮਿਤੀ 12.06.2020, ਦੀ ਲਗਾਤਾਰਤਾ ਵਿੱਚ ਇਹ ਪੱਤਰ ਜਾਰੀ ਕੀਤਾ ਜਾ ਰਿਹਾ ਹੈ :-

1 **ਸੀ.ਐਲ.ਯੂ. (CLU) ਸਬੰਧੀ ਸਪਸ਼ਟੀਕਰਨ:** ਪੱਤਰ ਦੇ ਨੁਕਤਾ ਨੰਬਰ 1 ਵਿੱਚ ਦਰਜ ਸੀ.ਐੱਲ.ਯੂ ਬਾਰੇ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਸਕੂਲਾਂ ਨੂੰ ਜੋ ਸਥਾਨਕ ਸਰਕਾਰ ਵਿਭਾਗ (ਟਾਊਨ ਪਲਾਨਿੰਗ ਵਿੰਗ) ਦੇ ਮੈਮੋ ਨੰਬਰ 301-315 ਮਿਤੀ 04.04.2013 ਦੇ ਹੇਠ ਆਉਂਦੇ ਹਨ, ਉਨ੍ਹਾਂ ਲਈ ਸੀ.ਐੱਲ.ਯੂ ਸਬੰਧੀ ਕਾਰਵਾਈ ਉਪਰੋਕਤ ਮੈਮੋ ਮਿਤੀ 04.04.2013 ਦੇ ਮੁਤਾਬਕ ਕੀਤੀ ਜਾਵੇਗੀ । ਇਹ ਸਕੂਲ ਸੀ.ਐਲ.ਯੂ ਦੀ ਥਾਂ ਚੀਫ ਟਾਊਨ ਪਲਾਨਰ/ਸਮਰੱਥ ਅਥਾਰਟੀ ( ਮਿਊਂਸਿਪਲ ਕਮੇਟੀ / ਮਿਊਂਸਿਪਲ ਕਾਰਪੋਰੇਸ਼ਨ / ਨਗਰ ਪੰਚਾਇਤ ) ਵੱਲੋਂ ਸਕੂਲ ਦਾ ਸਰਟੀਫਾਈਡ ਨਕਸ਼ਾ ਜਮ੍ਹਾਂ ਕਰਵਾਉਣਗੇ, ਜਿਸ ਵਿੱਚ ਇਹ ਸਪਸ਼ਟ ਲਿਖਿਆ ਹੋਵੇ ਕਿ ਇਹ ਬਿਲਡਿੰਗ ਸਥਾਨਕ ਸਰਕਾਰ ਵਿਭਾਗ ਦੇ ਮੈਮੋ ਨੰਬਰ 301-315 ਮਿਤੀ 04.04.2013 ਅਧੀਨ ਆਉਂਦੀ ਹੈ ।

2. ਪੱਤਰ ਨੰਬਰ ਪਸਸਬ-ਐਫੀ: (ਐਸੋ:):2020/43 ਮਿਤੀ 12.06.2020 ਦੇ ਆਖਰੀ ਪੈਰ੍ਹੇ "ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ....................................................ਚਲਾਉਣ ਦੀ ਆਗਿਆ ਹੋਵੇਗੀ । "

ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੀਆਂ ਸੰਸਥਾਵਾਂ ਨਾਰਮਜ਼ ਪੂਰੀਆਂ ਕਰਦੀਆਂ ਹਨ, ਉਹ ਇਸ ਪੱਤਰ ਦੇ ਜਾਰੀ ਹੋਣ ਤੋਂ 45 ਦਿਨਾਂ ਦੇ ਅੰਦਰ-ਅੰਦਰ ਇਸੇ ਅਕਾਦਮਿਕ ਸਾਲ 2026-27 ਲਈ ਐਫੀਲੀਏਸ਼ਨ Online Portal ਰਾਹੀਂ ਅਪਲਾਈ ਕਰ ਸਕਦੀਆਂ ਹਨ। ਜੋ ਸੰਸਥਾਵਾਂ ਇਹ ਸ਼ਰਤਾਂ ਪੂਰੀਆਂ ਕਰਦੀਆਂ ਹਨ ਪਰ ਉਹ ਐਫੀਲੀਏਸ਼ਨ 2027-28 ਸੈਸ਼ਨ ਤੋਂ ਲੈਣੀ ਚਾਹੁੰਦੀਆਂ ਹਨ ਉਹ 30 ਸਤੰਬਰ 2026 ਤੱਕ ਪੋਰਟਲ ਰਾਹੀਂ ਅਪਲਾਈ ਕਰ ਸਕਦੀਆਂ ਹਨ। ਇਸ ਲਈ ਅਨੁਲੱਗ ( ੳ ) withdraw ਕੀਤਾ ਜਾਂਦਾ ਹੈ|

ਜਿਹੜੇ ਸਕੂਲ ਉਕਤ ਦਰਜ ਨਾਰਮਜ਼ ਪੂਰਾ ਨਹੀਂ ਕਰਦੇ ,ਉਹ ਸਾਲ 2027-28 (31.03.2028) ਦੇ ਸੈਸ਼ਨ ਤੱਕ ਐਸੋਸੀਏਸ਼ਨ ਸਟੇਟਸ ਤੇ ਜਾਰੀ ਰਹਿ ਸਕਦੇ ਹਨ ।

3. ਬਾਕੀ ਸਾਰੇ ਮਾਪਦੰਡ / ਨਾਰਮਜ਼ ਜਾਰੀ ਪੱਤਰ ਨੰਬਰ ਪਸਸਬ-ਐਫੀ: (ਐਸੋ :):2020/43 ਮਿਤੀ 12-06-2020 ਅਨੁਸਾਰ ਹੀ ਹੋਣਗੇ।

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ